# FILMA VICH PARVASI SAROKAR

# ਫ਼ਿਲਮਾਂ ਵਿਚ ਪਰਵਾਸੀ ਸਰੋਕਾਰ

ਗੁਰਸਾਹਿਬ ਸਿੰਘ (Gurshaib Singh)

ਸਹਾਇਕ ਪ੍ਰੋਫੈਸਰ (Assistant Professor)

ਪੰਜਾਬੀ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ (ਹਰਿਆਣਾ)

Email ID: goldy.sidhusirsa@gmail.com ਮੋਬਾਈਲ: +91- 94164-14001

**ABSTRACT**

*ਅੱਜ ਕਲ ਅਮਰੀਕਾ ਵਰਗੇ ਮੁਲਕ ਵਿਚੋਂ ਪਰਵਾਸੀਆਂ ਨੂੰ ਕਿਸੇ ਵੀ ਹੀਲੇ ਕੱਢਣ ਦੀਆਂ ਖ਼ਬਰਾਂ ਹਰ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਹਨ ਅਤਿ ਵਿਕਸਿਤ ਦੇਸ਼ਾਂ ਵੱਲ ਵਿਅਕਤੀ ਦਾ ਰੁਝਾਨ ਵਧਣ ਪਿੱਛੇ ਆਰਥਿਕਤਾ ਸਭ ਤੋਂ ਵੱਡਾ ਕਾਰਨ ਬਣ ਗਿਆ ਹੈ। ਉਹ ਪੈਸੇ ਪੱਖੋਂ ਸੰਪੰਨ ਦੇਸ਼ਾਂ ਵਿੱਚ ਜਾਣਾ ਚਾਹੁੰਦਾ ਹੈ। ਇਸੇ ਰਾਹ ਉੱਤੇ ਤੁਰਦਿਆਂ ਇਨ੍ਹਾਂ ਦੇਸ਼ਾਂ ਵਿੱਚ ਹੀ ਵੱਸ ਜਾਣਾ ਚਾਹੁੰਦਾ ਹੈ। ਉਹ ਇਨ੍ਹਾਂ ਵਿਦੇਸ਼ਾਂ ਵਿੱਚ ਹੀ ਆਪਣੇ ਸੁਪਨਈ ਸੰਸਾਰ ਦੀ ਕਾਮਨਾ ਕਰਦਾ ਹੈ ਅਤੇ ਆਪਣੇ ਸੁਪਨਿਆਂ ਦੀ ਜ਼ਿੰਦਗੀ ਜਿਊਣਾ ਲੋਚਦਾ ਹੈ। ਇਸੇ ਲਈ ਹੁਣ ਦਿਨੋਂ-ਦਿਨ ਪ੍ਰਵਾਸੀਆਂ ਦਾ ਰੁਝਾਨ ਵਿਦੇਸ਼ਾਂ ਵੱਲ ਤੇਜ਼ ਹੁੰਦਾ ਜਾ ਰਿਹਾ ਹੈ। ਕਮਜ਼ੋਰ ਆਰਥਿਕਤਾ ਨੇ ਹੀ ਪੰਜਾਬ ਦੇ ਨੌਜਵਾਨਾਂ ਨੂੰ ਆਪਣੀ ਮਿੱਟੀ ਤੋਂ ਦੂਰ ਘੱਲਿਆਂ ਹੈ। ਜਿਸ ਦੀ ਬਦੌਲਤ ਨੌਜਵਾਨ ਪੂੰਜੀਵਾਦੀ ਜਾਂ ਵਿਕਸਿਤ ਦੇਸ਼ਾਂ ਵੱਲ ਆਪਣਾ ਪੈਰ ਪਸਾਰਦਾ ਹੈ। ਭਵਿੱਖ ਦੀ ਬਿਹਤਰੀ ਲਈ ਵਿਅਕਤੀ ਕਾਨੂੰਨੀ ਜਾਂ ਗੈਰ ਕਾਨੂੰਨੀ ਤਰੀਕਿਆਂ ਨਾਲ ਪੂੰਜੀਵਾਦੀ ਦੇਸ਼ਾਂ ਵਿੱਚ ਜਾਣ ਲਈ ਜੱਦੋ ਜਹਿਦ ਕਰ ਰਿਹਾ ਹੈ। ਪੂੰਜੀਵਾਦੀ ਦੇਸ਼ਾਂ ਵਿੱਚ ਵਿਅਕਤੀ ਆਪਣੇ ਭਵਿੱਖ ਨੂੰ ਸੁਖਾਲਾ ਬਣਾਉਣ ਲਈ ਵਰਤਮਾਨ ਦੀ ਨੀਂਦ ਨੂੰ ਗਵਾ ਕੇ ਦਿਨ ਰਾਤ ਮਿਹਨਤ ਕਰਦਾ ਹੈ। ਤਾਂ ਕਿ ਪਿੱਛੇ ਛੱਡ ਆਏ ਆਪਣੇ ਪਰਿਵਾਰ ਦੀ ਸਥਿਤੀ ਸੁਧਾਰ ਸਕੇ।*

***ਕੀਵਰਡ : ਪਰਵਾਸ, ਸਿਨੇਮਾ, ਫ਼ਿਲਮਾਂ ਗੈਰ ਕਾਨੂੰਨੀ, ਪੂੰਜੀਵਾਦ।***

ਕਈ ਸਦੀਆਂ ਪਹਿਲਾਂ ਵੀ ਬੰਦਾ ਰੋਟੀ ਰੁਜ਼ਗਾਰ ਦੀ ਭਾਲ ਵਿੱਚ ਇੱਕ ਖ਼ਿੱਤੇ ਤੋਂ ਦੂਜੇ ਖ਼ਿੱਤੇ ਜਾਂਦਾ ਰਿਹਾ ਹੈ। ਉਹਨਾਂ ਸਮਿਆਂ ਦੇ ਵਿੱਚ ਦੇਸ਼ਾਂ ਦਾ ਸੰਕਲਪ ਵੀ ਸੀਮਤ ਹੁੰਦਾ ਸੀ। ਸਵਰਨ ਸਿੰਘ ਵਿਰਕ ਅਨੁਸਾਰ:

> *'ਪਹਿਲਾਂ ਮਨੁੱਖ ਬਨਵਾਸੀ ਹੁੰਦਾ ਸੀ ਜਾਂ ਕਰ ਦਿੱਤਾ ਜਾਂਦਾ ਸੀ, ਅੱਜ ਕੱਲ੍ਹ ਪ੍ਰਵਾਸੀ ਹੁੰਦਾ ਹੈ ਜਾਂ ਉਸ ਨੂੰ ਪਰਵਾਸ ਭੋਗਣ ਦੀ ਮਜਬੂਰੀ ਵੱਲ ਸੁੱਟ ਦਿੱਤਾ ਜਾਂਦਾ ਹੈ।'*[1]

ਅਕਸਰ ਉਹਨਾਂ ਲੋਕਾਂ ਨੂੰ ਹੀ ਪ੍ਰਵਾਸੀ ਸਮਝਿਆ ਲਿਆ ਜਾਂਦਾ ਸੀ ਜੋ ਇੱਕ ਖ਼ਿੱਤੇ ਤੋਂ ਦੂਜੇ ਖ਼ਿੱਤੇ ਜਾਂਦੇ। ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਬਾਅਦ ਇੱਥੋਂ ਦੀ ਪੁਰਾਣੀ ਆਰਥਿਕ ਵਿਵਸਥਾ ਨੂੰ ਬਦਲ ਕੇ ਨਵੀਂ ਕੋਈ ਢੁਕਵੀਂ ਵਿਵਸਥਾ ਅੰਗਰੇਜ਼ ਦੇ ਨਾ ਸਕੇ। ਜਿਸ ਕਰਕੇ ਇੱਥੋਂ ਦੇ ਕਿਸਾਨਾਂ ਦਾ ਭੁੱਖ ਮਰੀ ਅਤੇ ਭਿਅੰਕਰ ਮਹਾਂ ਮਾਰੀਆਂ ਨਸੀਬ ਬਣ ਗਈਆਂ। ਅੰਗਰੇਜ਼ੀ ਫ਼ੌਜ ਵਿੱਚ ਜੋ ਪੰਜਾਬੀ ਭਰਤੀ ਹੋਏ ਉਹਨਾਂ ਨੂੰ ਅੰਗਰੇਜ਼ੀ ਹਕੂਮਤ ਦੇ ਅਧੀਨ ਦੂਜੇ ਏਸ਼ੀਆਈ ਮੁਲਕਾਂ ਵਿੱਚ ਜਾਣ ਦਾ ਮੌਕਾ ਮਿਲਿਆ। ਜਦੋਂ ਇਹ ਫ਼ੌਜੀ ਰਿਟਾਇਰ ਹੋ ਗਏ ਤਾਂ ਇਹਨਾਂ ਨੇ ਦੂਜੇ ਮੁਲਕਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਇਹਨਾਂ ਦੇ ਨਾਲ ਹੀ ਪੰਜਾਬੀ ਕਿਸਾਨ ਅਤੇ ਵਿਰਲੇ ਕਾਮੇ ਜੋ ਕਰਜ਼ੇ ਹੇਠ ਗ੍ਰਸੇ ਹੋਏ ਸੀ ਉਹਨਾਂ ਲਈ ਵੀ ਇਹ ਮੌਕੇ ਖਿੱਚ ਦਾ ਕੇਂਦਰ ਰਹੇ। ਇਸ ਤਰ੍ਹਾਂ ਸਾਬਕਾ ਫ਼ੌਜੀ ਪੰਜਾਬੀ ਪ੍ਰਵਾਸ ਦੇ ਇਤਿਹਾਸ ਦੇ ਮੁਢਲੇ ਅਤੇ ਮੁੱਖ ਆਗੂ ਬਣੇ ਇਹ ਫ਼ੌਜੀ ਸਿੱਖ ਹਿੰਦੂ ਅਤੇ ਮੁਸਲਮਾਨ ਸਨ। ਇਹਨਾਂ ਨੇ ਪਰਦੇਸਾਂ ਵੱਲ ਮੂੰਹ ਕੀਤਾ ਜਿੱਧਰੋਂ ਵੀ ਕੁਝ ਚੰਗੀ ਕਮਾਈ ਦੀ ਆਹਟ ਹੁੰਦੀ ਪਹਿਲਾਂ ਇਹ ਪ੍ਰਵਾਸ ਫਿਲੀਪਾਈਨ, ਮਨੀਲਾ, ਬਰਮਾ ਆਦਿ ਦੱਖਣੀ ਪੂਰਵੀ ਏਸ਼ੀਆ ਦੇ ਦੇਸ਼ਾਂ ਵੱਲ ਹੋਇਆ। 19ਵੀਂ ਸਦੀ ਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬੀਆਂ ਦੇ ਦੱਖਣੀ ਪੂਰਵੀ ਏਸ਼ੀਆ ਦੇ ਦੇਸ਼ਾਂ ਵੱਲ ਗਏ। ਇਸ ਤੋਂ ਬਾਅਦ ਇਹਨਾਂ ਦਾ ਰੁਝਾਨ ਅਮਰੀਕਾ ਤੇ ਕੈਨੇਡਾ ਵੱਲ ਹੋਇਆ। ਛੇਤੀ ਹੀ ਉੱਥੋਂ ਦੀਆਂ ਸਰਕਾਰਾਂ ਨੇ ਉੱਥੋਂ ਦੇ ਮੂਲ ਕਾਮਿਆਂ ਨਿਵਾਸੀਆਂ ਦੇ ਦਬਾਅ ਹੇਠ ਆਉਣ ਕਰਕੇ ਆਉਣ ਵਾਲੇ ਪੰਜਾਬੀਆਂ ਅਤੇ ਪਰਦੇਸੀਆਂ ਲਈ ਰਾਹ ਔਖੇ ਕਰ ਦਿੱਤੇ। ਜਿਸ ਦੇ ਸਿੱਟੇ ਵਜੋਂ

ਕਾਮਾਗਾਟਾ ਮਾਰੂ ਵਰਗੇ ਸਾਕੇ ਅਤੇ ਸੇਵਾ ਸਿੰਘ ਵੱਲੋਂ ਹਾਪਕਿੰਨਜ ਨੂੰ ਮਾਰਨ ਉਪਰੰਤ ਫਾਂਸੀ ਚੜ ਜਾਣਾ ਪੰਜਾਬੀਆਂ ਦੇ ਸੰਘਰਸ਼ ਦੀ ਕਹਾਣੀ ਨੂੰ ਬਿਆਨ ਕਰਦਾ ਹੈ। ਇਕੱਲੇ ਪੰਜਾਬ ਦੀ ਹੀ ਨਹੀਂ, ਸਗੋਂ ਪੂਰੇ ਭਾਰਤ ਦੀ ਸਮੱਸਿਆ ਹੈ। ਜਿਸ ਨੂੰ ਜੇਕਰ ਅਸੀਂ ਇੱਕ ਸਮੱਸਿਆ ਕਹਿ ਦੇਈਏ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਡਾ ਅਕਾਲ ਅੰਮ੍ਰਿਤ ਕੌਰ ਅਨੁਸਾਰ:

*'ਪ੍ਰਵਾਸ ਦੀ ਪ੍ਰਕਿਰਿਆ ਦੀਆਂ ਸਮਾਜ ਵਿਗਿਆਨੀਆਂ ਨੇ ਪੰਜ ਕਿਸਮਾਂ ਦੀ ਨਿਸ਼ਾਨਦੇਹੀ ਕੀਤੀ ਹੈ। ਸਥਾਈ ਪ੍ਰਵਾਸ ਦੇ ਅੰਤਰਗਤ ਪ੍ਰਵਾਸੀ ਕਿਸੇ ਦੂਜੇ ਦੇਸ਼ ਵਿੱਚ ਪੱਕੇ ਤੌਰ ਤੇ ਜਾਂ ਬਹੁਤ ਲੰਮੇ ਸਮੇਂ ਲਈ ਰਹਿਣ ਜਾਂਦਾ ਹੈ। ਦੂਸਰਾ ਕਿਰਤ ਦਾ ਪ੍ਰਵਾਸ ਦੇਖਣ ਨੂੰ ਮਿਲਦਾ ਹੈ। ਤੀਸਰਾ ਵੱਡੀ ਗਿਣਤੀ ਵਿੱਚ ਲੋਕ ਦੂਜੇ ਦੇਸ਼ਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਚੌਥਾ ਸ਼ਰਣਾਰਥੀ ਲੋਕ ਵੀ ਦੂਸਰੇ ਦੇਸ਼ਾਂ ਵਿੱਚ ਸਥਾਈ ਜਾਂ ਅਸਥਾਈ ਤੌਰ ਤੇ ਵੱਸਦੇ ਹਨ। ਪੰਜਵੀਂ ਕਿਸਮ ਉਸ ਪ੍ਰਵਾਸ ਦੀ ਹੈ ਜਿਸ ਦੇ ਅੰਤਰਗਤ ਉਹ ਪ੍ਰਵਾਸੀ ਆਉਂਦੇ ਹਨ, ਜੋ ਦੂਸਰੇ ਦੇਸ਼ਾਂ ਵਿੱਚ ਰਹਿਣ ਲਈ ਜਾਂਦੇ ਹਨ। ਪਰ ਅਜਿਹਾ ਕਰਨ ਲਈ ਉਹ ਗੈਰ ਕਾਨੂੰਨੀ ਢੰਗ ਤਰੀਕਿਆਂ ਦੀ ਵਰਤੋਂ ਕਰਦੇ ਹਨ।*[2]

ਸਿਨੇਮਾ ਵਿੱਚ ਵੀ ਸਮੇਂ-ਸਮੇਂ ਸਮਾਜ ਦੇ ਵੱਖ-ਵੱਖ ਮਸਲਿਆਂ ਤੇ ਫ਼ਿਲਮਾਂ ਬਣਦੀਆਂ ਰਹਿੰਦੀਆਂ ਹਨ। ਅਤੇ ਪ੍ਰਵਾਸ ਨਾਲ ਸੰਬੰਧਿਤ ਇਹਨਾਂ ਪੰਜਾਂ ਵਰਗਾਂ ਨਾਲ ਸਬੰਧਿਤ ਫ਼ਿਲਮਾਂ ਵੇਖਣ ਨੂੰ ਮਿਲ ਜਾਂਦੀਆਂ ਹਨ। ਡਾਕਟਰ ਸਤੀਸ਼ ਕੁਮਾਰ ਵਰਮਾ ਅਨੁਸਾਰ '

*'ਭਾਸ਼ਾ ਅਤੇ ਸਾਹਿਤ ਦੇ ਸਮਾਨੰਤਰ ਕਲਾਵਾਂ ਵਿੱਚੋਂ ਉੱਭਰ ਰਹੀਆਂ ਅੰਤਰ ਦ੍ਰਿਸ਼ਟੀਆਂ ਨੂੰ ਸਮਝਣ ਹਿਤ ਇਹ ਜਾਣਨਾ ਜ਼ਰੂਰੀ ਹੈ ਕਿ ਕਲਾਵਾਂ ਅਤੇ ਵਿਸ਼ੇਸ਼ ਕਰ ਦਰਸ਼ਨੀ ਕਲਾਵਾਂ ਦਾ ਰੋਲ ਪ੍ਰਕਾਰਜੀ ਹੈ। ਇਹਨਾਂ ਕਲਾਵਾਂ ਭਾਵ ਥੀਏਟਰ ਟੀਵੀ ਫ਼ਿਲਮਾਂ ਆਦਿ ਦੇ ਪਿਛੋਕੜ ਵਿੱਚ ਭਾਵੇਂ ਭਾਸ਼ਾਈ ਤੇ ਸਾਹਿਤਿਕ ਸਰੋਕਾਰ ਪਏ ਹਨ। ਤੇ ਇਹ ਸਰੋਕਾਰ ਪ੍ਰਦਰਸ਼ਨੀ ਕਲਾਵਾਂ ਦੇ ਉਸਾਰ ਵਿੱਚ ਅਹਿਮ ਭੂਮਿਕਾ ਵੀ ਨਿਭਾਉਂਦੇ ਹਨ। ਲੇਕਿਨ ਇਹਨਾਂ ਕਲਾਵਾਂ ਦੀ ਸੰਚਾਰ ਯੋਗਤਾ ਦਾ ਇੱਕ ਵੱਖਰਾ ਪਰਿਪੇਖ ਹੈ।*[3]

ਖ਼ਾਸ ਕਰ ਪੰਜਾਬੀ ਸਿਨੇਮਾ ਜੋ ਕਿ 2002 ਤੋਂ ਆਪਣੀ ਨਵੀਂ ਸ਼ੁਰੂਆਤ ਕਰਦਾ ਨਜ਼ਰ ਆਉਂਦਾ ਹੈ ਉਸ ਦੀ ਸ਼ੁਰੂਆਤ 2002 ਦੀ "ਜੀ ਆਇਆ ਨੂੰ" 2004 ਵਿੱਚ "ਅਸਾਂ ਨੂੰ ਮਾਣ ਵਤਨਾਂ ਦਾ","ਦੇਸ ਹੋਇਆ ਪਰਦੇਸ" ਆਦਿ ਫ਼ਿਲਮਾਂ ਨਾਲ ਕਰਦਾ ਹੈ। ਇਹਨਾਂ ਵਿੱਚ ਮੁੱਖ ਤੌਰ ਤੇ ਪਰਵਾਸ ਨੂੰ ਹੀ ਪੇਸ਼ ਕੀਤਾ ਗਿਆ ਹੈ। ਇਸ ਹਥਲੇ ਪਰਚੇ ਵਿੱਚ ਅਸੀਂ ਦੋ ਫ਼ਿਲਮਾਂ ਦਾ ਜ਼ਿਕਰ ਕਰਾਂਗੇ। ਜਿਨ੍ਹਾਂ ਵਿੱਚੋਂ 'ਆਜਾ ਮੈਕਸੀਕੋ ਚੱਲੀਏ' ਅਤੇ 'ਡੰਕੀ' ਦੋਵਾਂ ਦਾ ਸਬੰਧ ਮੂਲ ਰੂਪ ਵਿੱਚ ਸਮਾਜ ਵਿਗਿਆਨੀਆਂ ਦੁਆਰਾ ਦੱਸੀ ਗਈ ਪੰਜਵੀਂ ਪਰਦੇਸੀ ਵੰਡ ਨਾਲ ਹੈ। ਜਿਸ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ੀ ਧਰਤੀ ਤੇ ਜਾਣ ਦਾ ਮਸਲਾ ਜੁੜਦਾ ਹੈ। 'ਆਜਾ ਮੈਕਸੀਕੋ ਚਲੀਏ' ਵਿਚ ਜੋ ਕਿ ਵਾਈਟ ਹਿਲ ਕੰਪਨੀ ਦੁਆਰਾ ਬਣਾਈ ਗਈ ਅਤੇ ਰਾਕੇਸ਼ ਧਵਨ ਦੁਆਰਾ ਡਾਇਰੈਕਟ ਕੀਤੀ ਗਈ ਫ਼ਿਲਮ ਹੈ। ਇਸ ਵਿੱਚ ਅਮਰੀਕਾ ਜਾਂਦੇ ਗੈਰ ਕਾਨੂੰਨੀ ਪਰਵਾਸੀਆਂ ਬਾਰੇ ਦੱਸਿਆ ਗਿਆ ਹੈ, ਕਿ ਪੰਜਵਾਂ ਸਭ ਤੋਂ ਵੱਡਾ ਸਰੋਤ ਭਾਰਤ ਹੈ। ਇਸ ਦੇ ਹੋਰ ਚਾਰ ਸਰੋਤਾਂ ਵਿੱਚੋਂ ਮੈਕਸੀਕੋ, ਗੁਾਟੇਮਾਲਾ, ਟੀ ਆਈ ਸਲਵਾਡੋਰ ਅਤੇ ਹੋਂਡੂਰਸ ਚੋਟੀ ਦੇ ਹਨ। ਪੰਜਾਬ ਸਭ ਤੋਂ ਵੱਡਾ ਮੂਲ ਸਥਾਨ ਹੈ। ਫੇਰ ਚੋਟੀ ਦੇ ਰਾਜਾਂ ਵਿੱਚ ਹਰਿਆਣਾ, ਯੂਪੀ ਤੇ ਹਿਮਾਚਲ ਸ਼ਾਮਿਲ ਹਨ। 2014 ਤੋਂ ਹੁਣ ਤੱਕ 22000 ਤੋਂ ਵੱਧ ਭਾਰਤੀਆਂ ਨੇ ਅਮਰੀਕਾ ਵਿੱਚ ਸ਼ਰਨ ਲਈ ਅਰਜ਼ੀ ਦਿੱਤੀ ਇਹਨਾਂ ਵਿੱਚੋਂ 7 ਹਜ਼ਾਰ ਦੇ ਲਗਭਗ ਔਰਤਾਂ ਹਨ। ਇਸ ਫ਼ਿਲਮ ਦੀ ਸ਼ੁਰੂਆਤ ਵਿੱਚ ਹੀ ਇੱਕ ਸ਼ੇਅਰ ਆਉਂਦਾ ਹੈ ਜੋ ਪੂਰੀ ਕਹਾਣੀ ਦੇ ਦਰਦ ਨੂੰ ਬਿਆਨ ਕਰ ਦਿੰਦਾ ਹੈ:

*ਕਰਜ਼ ਫ਼ਰਜ਼ ਤੇ ਲੋੜਾਂ ਤੋੜਾਂ*
*ਅਕਸਰ ਘਰ ਛੁੜਵਾ ਦਿੰਦੀਆਂ ਨੇ*
*ਭੌਂ ਮਰਲੇ ਤੇ ਖਿੰਡਿਆ ਚੋਗਾ*
*ਪੰਛੀ ਦੂਰ ਉਡਾ ਦਿੰਦੀਆਂ ਨੇ*
*ਸੁਪਨੇ ਫੜਨ ਦੀਆਂ ਹੀ ਖ਼ਾਹਿਸ਼ਾਂ*
*ਟੇਡੇ-ਮੇਡੇ ਰਾਹ ਦਿੰਦੀਆਂ ਨੇ*
*ਪਰ ਕੁਝ ਰਾਹਵਾਂ ਉਹ ਵੀ ਹੁੰਦੀਆਂ*
*ਬੰਦੇ ਕਿਤੇ ਖਪਾ ਦਿੰਦੀਆਂ ਨੇ*[4]

ਅਸਲ ਵਿੱਚ ਆਰਥਿਕ ਤੰਗੀਆਂ ਤਰੁਸ਼ੀਆਂ ਦੇ ਮਾਰੇ ਪੰਜਾਬ ਦੇ ਲੋਕ ਆਪਣੇ ਚੰਗੇਰੇ ਭਵਿੱਖ ਦੀ ਆਸ ਵਿੱਚ ਵਿਦੇਸ਼ਾਂ ਵਿੱਚ ਜਾਂਦੇ ਹਨ। ਪਰ ਹਾਲਾਤ ਉਹਨਾਂ ਨੂੰ ਸਮੱਸਿਆਵਾਂ ਵਿੱਚ ਪਾ ਦਿੰਦੇ ਹਨ ਕਈ ਹਾਲਾਤਾਂ ਵਿੱਚ ਤਾਂ ਪੰਜਾਬੀ ਆਪਣੇ ਦੇਸ਼ ਘਰ ਅਤੇ ਪਰਿਵਾਰ ਨੂੰ ਮਿਲਣ ਲਈ ਤਰਸ ਜਾਂਦੇ ਹਨ ਅਤੇ ਮਜਬੂਰੀ ਦੇ ਮਾਰੇ ਉਹਨਾਂ ਨੂੰ ਵਲੈਤ ਵਿੱਚ ਹੀ ਸਮਾਂ ਗੁਜ਼ਾਰਨਾ ਪੈਂਦਾ ਹੈ ਕੁਝ

ਨਾਲ ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਨੂੰ ਮਿਲਣਾ ਵੀ ਨਸੀਬ ਨਹੀਂ ਹੁੰਦਾ। ਇਸੇ ਤਰ੍ਹਾਂ ਫ਼ਿਲਮ 'ਆਜਾ ਮੈਕਸੀਕੋ ਚੱਲੀਏ' ਵਿੱਚ ਅਸੀਂ ਵੇਖਦੇ ਹਾਂ ਕਿ ਮੁੱਖ ਪਾਤਰ ਜੋ ਕਿ ਇੰਜੀਨੀਅਰ ਹੈ। ਪਰ ਬੇਰੁਜ਼ਗਾਰ ਹੈ, ਉਸ ਨੂੰ ਰੁਜ਼ਗਾਰ ਨਾ ਮਿਲਣ ਕਰਕੇ ਉਹ ਵਿਦੇਸ਼ ਜਾਣਾ ਲੋਚਦਾ ਹੈ। ਜਿਸ ਦੇ ਲਈ ਉਹ ਧੋਖੇਬਾਜ਼ ਏਜੰਟਾਂ ਦੇ ਹੱਥੇ ਚੜ ਕੇ ਆਪਣੀ ਕਰਜ਼ੇ ਉੱਤੇ ਚੱਕੀ ਹੋਈ ਰਕਮ ਉਹਨਾਂ ਤੋਂ ਲੁਟਾ ਬੈਠਦਾ ਹੈ ਅਤੇ ਧੋਖੇਬਾਜ਼ ਏਜੰਟ ਉਸ ਨੂੰ ਮੰਜ਼ਿਲ ਤੇ ਪਹੁੰਚਾਉਣ ਦੀ ਬਜਾਏ ਰਾਹ ਵਿੱਚ ਖੱਜਲ ਖੁਆਰੀਆਂ ਦਾ ਸਾਹਮਣਾ ਕਰਵਾਉਂਦੇ ਹਨ। ਫ਼ਿਲਮ ਦੇ ਪਾਤਰ ਨੂੰ ਵਿਦੇਸ਼ ਜਾਣ ਲਈ ਇੱਥੋਂ ਦੇ ਹਾਲਾਤ ਮਜਬੂਰ ਕਰਦੇ ਹਨ ਅਤੇ ਵਿਦੇਸ਼ ਭੇਜਣ ਵਾਲੇ ਏਜੰਟ ਉਸ ਨੂੰ ਰਸਤੇ ਵਿੱਚ ਖੱਜਲ ਖੁਆਰੀਆਂ ਕਰਾਉਂਦੇ ਹੋਏ ਅੰਤ ਤੇ ਮੌਤ ਦੇ ਘਾਟ ਉੱਤਰਦਾ ਵਿਖਾਇਆ ਗਿਆ ਹੈ। ਇਸ ਤਰ੍ਹਾਂ ਇਸ ਵਿੱਚ ਮੁੱਖ ਪਾਤਰ ਜਾਂਦਾ ਤਾਂ ਘਰ ਦੀਆਂ ਖ਼ੁਸ਼ੀਆਂ ਖ਼ਾਤਰ ਹੈ ਪਰ ਉਸ ਦੇ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਪੈਂਦਾ ਹੈ ਅਤੇ ਘਰ ਦੇ ਜੀ ਬਹੁਤ ਨਿਰਾਸ਼ ਹੋ ਜਾਂਦੇ ਹਨ। ਪੰਜਾਬ ਵਿੱਚੋਂ ਉੱਠ ਕੇ ਪੰਜਾਬੀਆਂ ਨੇ ਪੂਰੀ ਦੁਨੀਆ ਵਿੱਚ ਆਪਣਾ ਸਿੱਕਾ ਕਾਇਮ ਕੀਤਾ ਹੈ। ਪਰ ਕੁਝ ਹਾਲਾਤਾਂ ਕਾਰਨ ਅਜਿਹੇ ਨੌਜਵਾਨ ਜੋ ਗੈਰ ਕਾਨੂੰਨੀ ਢੰਗ ਨਾਲ ਪੰਜਾਬ ਛੱਡ ਕੇ ਵਿਦੇਸ਼ ਜਾਣਾ ਚਾਹੁੰਦੇ ਹਨ ਉੱਥੋਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਜਾਂ ਇੱਥੋਂ ਦੇ ਪੈਦਾ ਕੀਤੇ ਗਏ ਹਾਲਾਤਾਂ ਕਾਰਨ ਉਹ ਗ਼ਲਤ ਰਸਤੇ ਚੁਣਦੇ ਹਨ। ਅਤੇ ਕਈ ਵਾਰ ਉਹ ਰਸਤਿਆਂ ਵਿੱਚ ਹੀ ਆਪਣੀਆਂ ਜਾਨਾਂ ਗੁਆ ਬੈਠਦੇ ਹਨ ਅਸੀਂ ਰੋਜ਼ ਹੀ ਖ਼ਬਰਾਂ ਵਿੱਚ ਸੁਣਦੇ ਹਾਂ ਕਿ ਪਨਾਮਾ ਦੇ ਜੰਗਲਾਂ ਵਿੱਚ ਕਿੰਨੇ ਹੀ ਨੌਜਵਾਨ ਮਾਰੇ ਗਏ ਜਾਂ ਗ਼ਾਇਬ ਹੋ ਗਏ ਜਿਨ੍ਹਾਂ ਦਾ ਕੋਈ ਥੇਹ ਪਤਾ ਵੀ ਨਹੀਂ ਲੱਗਦਾ। ਡਾਕਟਰ ਅਕਾਲ ਅੰਮ੍ਰਿਤ ਕੌਰ ਅਨੁਸਾਰ:

*'ਪ੍ਰਵਾਸ push ਤੇ pull ਦੇ ਸਿਧਾਂਤ ਰਾਹੀਂ ਹੀ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਪਹਿਲੀ ਸ਼ਕਤੀ push ਨੂੰ ਉਹਨਾਂ ਤਾਕਤਾਂ ਦਾ ਸਮੂਹ ਮੰਨਿਆ ਜਾਂਦਾ ਹੈ ਜੋ ਆਦਮੀ ਨੂੰ ਇਕ ਜਗ੍ਹਾ ਤੋਂ ਧੱਕਦੀਆਂ ਹਨ। ਜਿਵੇਂ ਬੇਰੁਜ਼ਗਾਰੀ, ਗ਼ਰੀਬੀ, ਸਮੁਦਾਏ ਤੋਂ ਉਦਾਸੀਨਤਾ, ਯੁੱਧ, ਸਰਕਾਰੀ ਨੀਤੀ, ਦੇਸ਼ ਵੰਡ ਆਦਿ ਕੁਝ ਅਜਿਹੀਆਂ ਹਾਲਾਤਾਂ ਹੋ ਸਕਦੀਆਂ ਹਨ। ਜੋ ਇਨਸਾਨ ਨੂੰ ਪ੍ਰਵਾਸ ਧਾਰਨ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਦੂਜੀ ਸ਼ਕਤੀ pull ਅਨੁਸਾਰ ਪ੍ਰਵਾਸ ਲਈ ਚੁਣੀ ਜਗ੍ਹਾ ਵਿੱਚ ਕੋਈ ਖਿੱਚ ਹੁੰਦੀ ਹੈ, ਜੋ ਇਨਸਾਨ ਨੂੰ ਆਪਣੇ ਪ੍ਰਤੀ ਆਕਰਸ਼ਿਤ ਕਰਕੇ ਪ੍ਰਵਾਸ ਧਾਰਨ ਕਰਨ ਲਈ ਰੁਚਿਤ ਕਰਦੀ ਹੈ, ਜਿਵੇਂ ਰੁਜ਼ਗਾਰ ਮਿਲਣ ਤੇ ਛੇਤੀ ਅਮੀਰ ਹੋਣ ਦੀ ਸੰਭਾਵਨਾ, ਵਧੀਆ ਲੋਕ, ਉਚੇਰੀਆਂ ਸੁਖ ਸੁਵਿਧਾਵਾਂ ਵਾਲੇ ਸਮਾਜ ਅਤੇ ਜੀਵਨ ਦੀ ਇੱਛਾ ਆਦਿ।*[5]

ਇਸੇ ਹੀ ਤਰ੍ਹਾਂ ਫ਼ਿਲਮ ਡੰਕੀ ਦੇ ਵਿੱਚ ਉਸ ਦੇ ਪਾਤਰ ਮਨੂੰ, ਬੱਲੀ ਉਹਨਾਂ ਨੂੰ ਡੰਕੀ ਵਿੱਚ ਸਹਾਇਤਾ ਕਰਨ ਲਈ ਮੁੱਖ ਪਾਤਰ ਹਾਰਡੀ ਸਿੰਘ। ਇਹ ਸਾਰੇ ਰਲ ਕੇ ਤੇ ਇਹਨਾਂ ਨਾਲ ਕੁਝ ਹੋਰ ਪਾਤਰ ਗੈਰ ਕਾਨੂੰਨੀ ਤਰੀਕੇ ਨਾਲ ਇੰਗਲੈਂਡ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਦੀ ਇਸ ਕੋਸ਼ਿਸ਼ ਦੌਰਾਨ ਉਹਨਾਂ ਦੇ ਕੁਝ ਸਾਥੀ ਰਸਤੇ ਵਿੱਚ ਹੀ ਮਾਰੇ ਜਾਂਦੇ ਹਨ ਉਹ ਮਰਨ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਇੰਗਲੈਂਡ ਪਹੁੰਚ ਜਾਂਦੇ ਹਨ। ਪਰ ਉੱਥੇ ਜਾ ਕੇ ਉਹਨਾਂ ਨੂੰ ਜੋ ਉਹਨਾਂ ਦੇ ਇੱਕ ਸਾਥੀ ਦੁਆਰਾ ਭੇਜੀਆਂ ਗਈਆਂ ਫ਼ੋਟੋਆਂ, ਜਿਸ ਵਿੱਚ ਵੱਡੀਆਂ ਕਾਰਾਂ ਵੱਡੀ ਕੋਠੀ ਆਦਿ ਵਿਖਾਈ ਜਾਂਦੀ ਹੈ ਜਦੋਂ ਉਹ ਉਸ ਨੂੰ ਉੱਥੇ ਭੀਖ ਮੰਗਦਾ ਅਤੇ 15 ਬੰਦਿਆਂ ਨੂੰ ਇੱਕੋ ਕਮਰੇ ਵਿੱਚ ਰਹਿੰਦਾ ਵੇਖਦੇ ਹਨ ਤਾਂ ਉਹਨਾਂ ਦਾ ਮਨ ਟੁੱਟ ਜਾਂਦਾ ਹੈ। ਹਾਰਡੀ ਸਿੰਘ:

*'ਤੇਰੀਆਂ ਇਹਨਾਂ ਹਰਕਤਾਂ ਕਰਕੇ ਉੱਥੇ ਨੌਜਵਾਨ ਬਾਹਰਲੇ ਦੇਸ਼ਾਂ ਵਿੱਚ ਆਉਣ ਲਈ ਗੈਰ ਕਾਨੂੰਨੀ ਤਰੀਕੇ ਅਪਣਾਉਂਦੇ ਹਨ। ਤੁਸੀਂ ਜੇਕਰ ਸਹੀ ਫ਼ੋਟੋਆਂ ਅਤੇ ਸਹੀ ਜਾਣਕਾਰੀ ਦਿਓ ਤਾਂ ਸ਼ਾਇਦ ਉਹਨਾਂ ਵਿੱਚ ਬਾਹਰ ਆਉਣ ਦੀ ਤਾਂਘ ਘਟ ਜਾਵੇ।*[6]

ਇਸ ਤੋਂ ਬਾਅਦ ਉਹਨਾਂ ਦੇ ਵਿੱਚ ਆਪਣੇ ਮੁਲਕ ਵਿੱਚੋਂ ਆ ਕੇ ਇਸ ਮੁਲਕ ਵਿੱਚ ਰਹਿਣਾ ਇੱਕ ਬਹੁਤ ਵੱਡੀ ਚੁਣੌਤੀ ਬਣ ਜਾਂਦੀ ਹੈ ਅਤੇ ਉਹ ਪੁਲਿਸ ਦੁਆਰਾ ਫੜ ਲਏ ਜਾਂਦੇ ਹਨ ਅਤੇ ਉਹਨਾਂ ਨੂੰ ਕੇਸ ਦੌਰਾਨ ਉਸ ਦੇਸ਼ ਵਿੱਚ ਪਨਾਹ ਲੈਣ ਲਈ ਉਹਨਾਂ ਦਾ ਵਕੀਲ ਸਲਾਹ ਦਿੰਦਾ ਹੈ ਕਿ ਰਾਜਨੀਤਿਕ ਸ਼ਰਨ ਲੈ ਲਓ ਤਾਂ ਉਹ ਉਸ ਤਰੀਕੇ ਨਾਲ ਉਥੇ ਰਹਿੰਦੇ ਹਨ। ਜ਼ਿਆਦਾਤਰ ਲੋਕ ਇਹ ਸੋਚਦੇ ਹਨ ਕਿ ਸ਼ਾਇਦ ਬਾਹਰਲੇ ਮੁਲਕ ਵਿੱਚ ਹੀ ਲੋਕ ਕਾਮਯਾਬ ਹੋ ਸਕਦੇ ਹਨ। ਪਰ ਫ਼ਿਲਮ ਵਿੱਚ ਅਜਿਹੀ ਸੋਚ ਨੂੰ ਨਕਾਰਿਆ ਗਿਆ ਹੈ ਇਸ ਫ਼ਿਲਮ ਵਿੱਚ ਮੁੱਖ ਪਾਤਰ ਹਾਰਡੀ ਸਿੰਘ ਇਸ ਗੱਲ ਦੀ ਨਿਖੇਧੀ ਕਰਦਾ ਹੈ। ਉਸ ਨੂੰ ਇਹ ਪੁਸ਼ਟੀ ਕਰਦਾ ਵਿਖਾਇਆ ਗਿਆ ਹੈ, ਕਿ ਜੇਕਰ ਮਿਹਨਤ ਕਰੀਏ ਤਾਂ ਆਪਾਂ ਪੈਸੇ ਆਪਣੇ ਮੁਲਕ ਵਿੱਚ ਵੀ ਰਹਿ ਕੇ ਕਮਾ ਲਵਾਂਗੇ ਅਤੇ ਉਹ ਬਾਹਰਲੇ ਮੁਲਕ ਵਿੱਚ ਪਹੁੰਚਣ ਤੋਂ ਬਾਅਦ ਵੀ ਰਾਜਨੀਤਿਕ ਸ਼ਰਨ ਲੈਣ ਲਈ ਆਪਣੇ ਦੇਸ਼ ਨੂੰ ਮਾੜਾ ਨਹੀਂ ਕਹਿੰਦਾ ਅਤੇ ਇਸ ਲਈ ਉਹ ਡਿਪੋਰਟ ਹੋ ਕੇ ਭਾਰਤ ਵਿੱਚ ਆਉਣਾ ਹੀ ਠੀਕ ਸਮਝਦਾ ਹੈ। ਇਸੇ ਤਰ੍ਹਾਂ ਅਸੀਂ ਫ਼ਿਲਮ ਡੰਕੀ ਵਿੱਚ ਵੇਖਦੇ ਹਾਂ ਕਿ ਜਦ ਡੰਕੀ ਲਗਾ ਕੇ ਇੰਗਲੈਂਡ ਜਾਣ ਲਈ ਸਾਰੇ ਤਿਆਰ ਹੁੰਦੇ ਹਨ। ਤਾਂ ਉਹਨਾਂ ਵਿੱਚੋਂ ਇੱਕ ਪਾਤਰ ਇੱਕ ਮਿੱਟੀ ਦੀ ਮੁੱਠੀ

ਆਪਣੀ ਨਾਲ ਡੱਬੀ ਵਿੱਚ ਰੱਖਦੀ ਹੈ। ਜਿਸ ਤੋਂ ਉਹਨਾਂ ਦੇ ਬਾਹਰ ਜਾਣ ਤੋਂ ਬਾਅਦ ਵੀ ਆਪਣੀ ਮਿੱਟੀ ਨਾਲ ਪਿਆਰ ਦੀ ਭਾਵਨਾ ਪੇਸ਼ ਹੁੰਦੀ ਹੈ। ਅਤੇ ਅੰਤ ਤੇ ਜਦੋਂ ਉਹਨਾਂ ਦੇ ਵਿੱਚੋਂ ਮਨੂ ਨੂੰ ਕੈਂਸਰ ਹੁੰਦਾ ਹੈ। ਤਾਂ ਉਹ ਵਾਪਸ ਭਾਰਤ ਆਉਣਾ ਲੋਚਦੀ ਹੈ ਕਿਉਂਕਿ ਉਸ ਨੂੰ ਮਰਨ ਲਈ ਆਪਣੀ ਹੀ ਜ਼ਮੀਨ ਚਾਹੀਦੀ ਹੈ। ਇਸ ਲਈ ਉਹ ਇੱਕ ਵਾਰੀ ਫਿਰ ਤੋਂ ਇੰਗਲੈਂਡ ਤੋਂ ਵਾਪਸ ਭਾਰਤ ਆਉਣ ਲਈ ਫਿਰ ਡੰਕੀ ਦੇ ਰਾਹੀਂ ਆਉਂਦੇ ਦਿਖਾਈ ਗਏ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਮਾਜਿਕ ਢਾਂਚੇ ਨੂੰ ਚਲਾਉਣ ਲਈ ਆਰਥਿਕਤਾ ਅਹਿਮ ਭੂਮਿਕਾ ਅਦਾ ਕਰਦੀ ਹੈ ਸਿੱਟੇ ਵਜੋਂ ਆਰਥਿਕਤਾ ਤੋਂ ਸੁਖਾਲਾ ਹੋਣ ਲਈ ਅਤੇ ਗਲੋਬਲ ਪਿੰਡ ਦਾ ਆਨੰਦ ਮਾਣਨ ਲਈ ਪ੍ਰਵਾਸ ਦਾ ਰੁਝਾਨ ਵੱਧ ਰਿਹਾ ਹੈ। ਨੌਜਵਾਨ ਪੀੜੀ ਦਾ ਵਿਦੇਸ਼ਾਂ ਵੱਲ ਨੂੰ ਵਧਦੇ ਰੁਝਾਨ ਪਿੱਛੇ ਆਰਥਿਕਤਾ ਹੀ ਮੁੱਖ ਕਾਰਨ ਮੰਨਿਆ ਜਾ ਸਕਦਾ ਹੈ। ਮਨੁੱਖ ਵਿਦੇਸ਼ਾਂ ਵਿੱਚ ਪੈਸਾ ਕਮਾਉਣ ਦੀ ਇੱਛਾ ਰੱਖਦਾ ਹੈ ਤਾਂ ਕਿ ਉਹ ਵਿਗੜੀ ਹੋਈ ਆਰਥਿਕਤਾ ਨੂੰ ਸੁਧਾਰ ਸਕੇ। ਬੇਸ਼ਕ ਵਿਅਕਤੀ ਬੇਗਾਨੀ ਧਰਤੀ ਤੇ ਜਾ ਕੇ ਆਰਥਿਕਤਾ ਨਾ ਨਜਿੱਠ ਲੈਂਦਾ ਹੈ ਪਰ ਉਹ ਆਪਣੀ ਭੂਮੀ ਦੇਸ਼ ਧਰਮ ਸਭਿਆਚਾਰ ਅਤੇ ਪਰਿਵਾਰ ਨਾਲੋਂ ਟੁੱਟ ਜਾਂਦਾ ਹੈ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਦੁਨੀਆ ਦੀਆਂ ਲਗਭਗ 6 ਹਜ਼ਾਰ ਭਾਸ਼ਾਵਾਂ ਵਿੱਚੋਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੇ ਲਿਹਾਜ਼ ਨਾਲ ਤੇਰ੍ਹਵੇਂ ਸਥਾਨ ਤੇ ਹੈ। ਇਹ ਕਿਸੇ ਖ਼ਾਸ ਹੀ ਮਿੱਟੀ ਦੇ ਬਣੇ ਹੋਏ ਪੰਜਾਬੀ ਨੇ ਜੋ ਅਜਿਹੀਆਂ ਮੁਸ਼ਕਲਾਂ ਹੋਣ ਦੇ ਬਾਵਜੂਦ ਵੀ ਉੱਧਰ ਵੱਲ ਨੂੰ ਜਾਂਦੇ ਹਨ।

ਪੀਏਯੂ ਦੇ ਅਧਿਐਨ ਦੇ ਹਵਾਲੇ ਨਾਲ ਪੰਜਾਬੀ ਅਖ਼ਬਾਰ ਵਿੱਚ ਛਪੀ ਖ਼ਬਰ ਵੀ ਚੌਂਕਾਉਣ ਵਾਲੀ ਹੈ ਕਿ ਪੰਜਾਬੀਆਂ ਨੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ 14 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ ਅਤੇ ਕਈਆਂ ਨੇ ਦੇਸ਼ ਛੱਡਣ ਲਈ ਆਪਣੀ ਜ਼ਮੀਨ ਜਾਇਦਾਦ 5639 ਕਰੋੜ ਰੁਪਿਆ ਦੀ ਵੇਚੀ ਹੈ। ਇਨ੍ਹਾਂ ਸਮੱਸਿਆਵਾਂ ਦੇ ਵਿੱਚ ਇੱਕ ਹੋਰ ਚੌਂਕਾਉਣ ਵਾਲੇ ਖ਼ੁਲਾਸੇ ਇਸੇ ਅਖ਼ਬਾਰ ਵਿੱਚ ਕੀਤੇ ਗਏ। ਉਹਨਾਂ ਅਨੁਸਾਰ ਪੰਜਾਬ ਵਿੱਚੋਂ ਹਰ ਸਾਲ 27 ਹਜ਼ਾਰ ਕਰੋੜ ਰੁਪਏ ਬੱਚਿਆਂ ਨੂੰ ਵਿਦੇਸ਼ ਭੇਜਣ ਤੇ ਪੜਾਉਣ ਲਈ ਖ਼ਰਚ ਕੀਤੇ ਜਾ ਰਹੇ ਹਨ। ਹਰ ਸਾਲ ਲਗਭਗ ਸਵਾ ਲੱਖ ਨੌਜਵਾਨ ਵਿਦੇਸ਼ ਜਾ ਰਹੇ ਹਨ। ਜਿਨ੍ਹਾਂ ਵਿੱਚੋਂ ਇਕ ਲੱਖ ਕੈਨੇਡਾ ਅਤੇ 25 ਹਜ਼ਾਰ ਦੇ ਕਰੀਬ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਵਰਗੇ ਦੇਸ਼ਾਂ ਦਾ ਰੁੱਖ ਕਰ ਰਹੇ ਹਨ ਅਤੇ ਇਸ ਖ਼ਬਰ ਦੇ ਅਨੁਸਾਰ ਇਹਨਾਂ ਵਿੱਚੋਂ 74 ਫ਼ੀਸਦੀ ਲੋਕਾਂ ਨੇ 2016 ਤੋਂ ਬਾਅਦ ਹੀ ਪ੍ਰਵਾਸ ਕੀਤਾ ਹੈ। ਜਿਸ ਵਿੱਚ ਉਹਨਾਂ ਅਨੁਸਾਰ ਸਟੱਡੀ ਵੀਜ਼ਾ ਤੇ 43%, ਵਰਕ ਵੀਜ਼ਾ ਤੇ 33% ਅਤੇ ਪਤਨੀ ਆਸ਼ਰਿਤ 10%, ਪੀ ਆਰ 5% ਤੇ ਨਾਜਾਇਜ਼ 2% ਜਾ ਰਹੇ ਹਨ। ਪਰ ਇਹ 2% ਦਾ ਅੰਕੜਾ ਵੀ ਬਹੁਤ ਵੱਡਾ ਬਣ ਜਾਂਦਾ ਹੈ। ਜੇਕਰ ਇਸ ਹੁੰਦੇ ਗੈਰ ਕਾਨੂੰਨੀ ਪਲਾਇਨ ਨੂੰ ਰੋਕਣਾ ਹੈ ਤਾਂ ਇਕ ਅਨੁਮਾਨ ਦੇ ਅਨੁਸਾਰ ਵਿਕਾਸ ਹੁਨਰ ਵਿਕਾਸ ਉਦਮਤਾ ਅਤੇ ਕਿੱਤਾ ਮੁਖੀ ਸਿਖਲਾਈ ਰਾਹੀਂ ਰੁਜ਼ਗਾਰ ਪੈਦਾ ਕਰਨ ਅਤੇ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਦੀ ਜ਼ਰੂਰਤ ਹੈ। ਅੱਜ ਕਲ ਅਮਰੀਕਾ ਵਰਗੇ ਮੁਲਕ ਵਿਚੋਂ ਪਰਵਾਸੀਆਂ ਨੂੰ ਕਿਸੇ ਵੀ ਹੀਲੇ ਕੱਢਣ ਦੀਆਂ ਖ਼ਬਰਾਂ ਹਰ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਹਨ ਅਤਿ ਵਿਕਸਿਤ ਦੇਸ਼ਾਂ ਵੱਲ ਵਿਅਕਤੀ ਦਾ ਰੁਝਾਨ ਵਧਣ ਪਿੱਛੇ ਆਰਥਿਕਤਾ ਸਭ ਤੋਂ ਵੱਡਾ ਕਾਰਨ ਬਣ ਗਿਆ ਹੈ। ਉਹ ਪੈਸੇ ਪੱਖੋਂ ਸੰਪੰਨ ਦੇਸ਼ਾਂ ਵਿੱਚ ਜਾਣਾ ਚਾਹੁੰਦਾ ਹੈ। ਇਸੇ ਰਾਹ ਉੱਤੇ ਤੁਰਦਿਆਂ ਇਨ੍ਹਾਂ ਦੇਸ਼ਾਂ ਵਿੱਚ ਹੀ ਵੱਸ ਜਾਣਾ ਚਾਹੁੰਦਾ ਹੈ। ਉਹ ਇਨ੍ਹਾਂ ਵਿਦੇਸ਼ਾਂ ਵਿੱਚ ਹੀ ਆਪਣੇ ਸੁਪਨਈ ਸੰਸਾਰ ਦੀ ਕਾਮਨਾ ਕਰਦਾ ਹੈ ਅਤੇ ਆਪਣੇ ਸੁਪਨਿਆਂ ਦੀ ਜ਼ਿੰਦਗੀ ਜਿਊਣਾ ਲੋਚਦਾ ਹੈ। ਇਸੇ ਲਈ ਹੁਣ ਦਿਨੋ-ਦਿਨ ਪ੍ਰਵਾਸੀਆਂ ਦਾ ਰੁਝਾਨ ਵਿਦੇਸ਼ਾਂ ਵੱਲ ਤੇਜ਼ ਹੁੰਦਾ ਜਾ ਰਿਹਾ ਹੈ। ਕਮਜ਼ੋਰ ਆਰਥਿਕਤਾ ਨੇ ਹੀ ਪੰਜਾਬ ਦੇ ਨੌਜਵਾਨਾਂ ਨੂੰ ਆਪਣੀ ਮਿੱਟੀ ਤੋਂ ਦੂਰ ਘੱਲਿਆਂ ਹੈ। ਜਿਸ ਦੀ ਬਦੌਲਤ ਨੌਜਵਾਨ ਪੂੰਜੀਵਾਦੀ ਜਾਂ ਵਿਕਸਿਤ ਦੇਸ਼ਾਂ ਵੱਲ ਆਪਣਾ ਪੈਰ ਪਸਾਰਦਾ ਹੈ। ਭਵਿੱਖ ਦੀ ਬਿਹਤਰੀ ਲਈ ਵਿਅਕਤੀ ਕਾਨੂੰਨੀ ਜਾਂ ਗੈਰ ਕਾਨੂੰਨੀ ਤਰੀਕਿਆਂ ਨਾਲ ਪੂੰਜੀਵਾਦੀ ਦੇਸ਼ਾਂ ਵਿੱਚ ਜਾਣ ਲਈ ਜੱਦੋ ਜਹਿਦ ਕਰ ਰਿਹਾ ਹੈ। ਪੂੰਜੀਵਾਦੀ ਦੇਸ਼ਾਂ ਵਿੱਚ ਵਿਅਕਤੀ ਆਪਣੇ ਭਵਿੱਖ ਨੂੰ ਸੁਖਾਲਾ ਬਣਾਉਣ ਲਈ ਵਰਤਮਾਨ ਦੀ ਨੀਂਦ ਨੂੰ ਗਵਾ ਕੇ ਦਿਨ ਰਾਤ ਮਿਹਨਤ ਕਰਦਾ ਹੈ। ਤਾਂ ਕਿ ਪਿੱਛੇ ਛੱਡ ਆਏ ਆਪਣੇ ਪਰਿਵਾਰ ਦੀ ਸਥਿਤੀ ਸੁਧਾਰ ਸਕੇ।

## ਹਵਾਲੇ ਅਤੇ ਟਿੱਪਣੀਆਂ


1. *ਹਰਮੀਤ ਕੌਰ (ਡਾ) ਸੰਪਾ, ਪਰਵਾਸੀ ਪੰਜਾਬੀ ਕਾਵਿ: ਮੂਲ ਸਰੋਕਾਰ, ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ, ਪੰਨਾ: 7*
2. *ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਸਾਹਿਤ ਨਵੇਂ ਦ੍ਰਿਸ਼ਟੀਕੋਣ, ਦੀਪਕ ਪਬਲੀਸ਼ਰਜ, ਜਲੰਧਰ, ਪੰਨਾ: 67*
3. *ਜਸਵਿੰਦਰ ਕੌਰ ਮਾਂਗਟ (ਸੰਪਾ), ਪੰਜਾਬੀ ਡਾਇਸਪੋਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 157*
4. *ਆਜਾ ਮੈਕਸੀਕੋ ਚਲੀਏ, ਵਾਈਟ ਹਿਲ ਕੰਪਨੀ (ਫਿਲਮ,ਪੰਜਾਬੀ)*
5. *ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ ਨਵੇਂ ਪਾਸਾਰ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਪੰਨਾ: 86*
6. *ਡੰਕੀ, ਰੈੱਡ ਚਿਲੀਜ਼ ਐਂਟਰਟੇਨਮੈਂਟ ਅਤੇ ਜੀਓ ਸਟੂਡਿਓਜ਼, (ਫਿਲਮ, ਹਿੰਦੀ)*